# ਇਲੈਕਸ਼ਨ ਵਿਚ ਵੋਟ ਪਾਉਣ ਸੰਬੰਧੀ ਜਾਣਕਾਰੀ

ਇਲੈਕਸ਼ਨ ਵੇਲੇ ਵੋਟ ਪਾਉਣ ਸੰਬੰਧੀ ਇਹ ਸੰਖੇਪ ਜਾਣਕਾਰੀ ਹੈ।

ਅਸੀਂ ਇਲੈਕਸ਼ਨਾਂ ਵਿਚ ਵੋਟ ਇਹ ਦੱਸਣ ਲਈ ਪਾਉਂਦੇ ਹਾਂ ਕਿ ਅਸੀਂ ਕਿਸਨੂੰ ਆਪਣਾ ਨੁਮਾਇੰਦਾ ਚੁਣਨਾ ਚਾਹੁੰਦੇ ਹਾਂ।

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪ ਇਹ ਫ਼ੈਸਲਾ ਕਰੋ ਕਿ ਤੁਸੀਂ ਵੋਟ ਕਿਸਨੂੰ ਪਾਉਣੀ ਹੈ।

ਰਾਜਨੀਤਕ ਪਾਰਟੀਆਂ ਅਤੇ ਉਮੀਦਵਾਰ ਜੋ ਕੁਝ ਕਹਿੰਦੇ ਹਨ ਤੁਸੀਂ ਉਹ ਸੁਣ ਸਕਦੇ ਹੋ, ਲੇਕਿਨ ਅਖੀਰ ਵਿਚ ਤੁਸੀਂ ਇਹ ਫ਼ੈਸਲਾ ਕਰਨਾ ਹੈ ਕਿ ਤੁਸੀਂ ਵੋਟ ਕਿਸਨੂੰ ਪਾਉਣੀ ਹੈ, ਜਾਂ ਤੁਸੀਂ ਵੋਟ ਪਾਉਣੀ ਵੀ ਹੈ ਜਾਂ ਨਹੀਂ।

ਤੁਸੀਂ ਇਹ ਮਹਿਸੂਸ ਨਾ ਕਰੋ ਕਿ ਤੁਹਾਨੂੰ ਕਿਸੇ ਨੇ ਜਿਵੇਂ ਵੋਟ ਪਾਉਣ ਲਈ ਕਿਹਾ ਹੈ ਤੁਹਾਨੂੰ ਵੋਟ ਉਸੇ ਤਰ੍ਹਾਂ ਪਾਉਣੀ ਪੈਣੀ ਹੈ। ਇਹ ਕਿਸੇ ਦੀ ਵੋਟ ਨਹੀਂ ਹੈ - ਇਹ ਵੋਟ ਤੁਹਾਡੀ ਹੈ।

ਇਲੈਕਸ਼ਨਾਂ ਵਿਚ ਵੋਟ ਪਾਉਣ ਲਈ ਤੁਹਾਨੂੰ ਰਜਿਸਟਰ ਹੋਣ ਦੀ ਲੋੜ ਹੈ। ਤੁਸੀਂ ਔਨਲਾਈਨ www.gov.uk/register-to-vote 'ਤੇ ਰਜਿਸਟਰ ਹੋ ਸਕਦੇ ਹੋ। ਤੁਸੀਂ ਆਪਣੀ ਰਜਿਸਟਰੇਸ਼ਨ ਬਾਰੇ ਪਤਾ ਕਰਨ ਲਈ, ਜਾਂ ਸਹਾਇਤਾ ਜਾਂ ਸਲਾਹ ਲੈਣ ਵਾਸਤੇ ਕਰਕਲੀਜ਼ ਕੌਂਸਲ ਵਿਖੇ ਇਲੈਕਟੋਰਲ ਸਰਵਿਸਿਜ਼ ਨਾਲ ਵੀ ਸੰਪਰਕ ਕਰ ਸਕਦੇ ਹੋ।

ਪੋਲਿੰਗ ਸਟੇਸ਼ਨ ਜਾਣ ਵੇਲੇ ਜਾਂ ਕਿਸੇ ਹੋਰ ਮੌਕੇ ਜੇਕਰ ਕੋਈ ਵਿਅਕਤੀ ਤੁਹਾਨੂੰ ਉਸਦੀ ਮਰਜ਼ੀ ਅਨੁਸਾਰ ਵੋਟ ਪਾਉਣ ਲਈ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ, ਤੁਹਾਨੂੰ ਇਸ ਬਾਰੇ ਇਲੈਕਟੋਰਲ ਸਰਵਿਸਿਜ਼ ਜਾਂ ਪੁਲਸ ਕੋਲ ਸ਼ਿਕਾਇਤ ਕਰਨੀ ਚਾਹੀਦੀ ਹੈ। ਤੁਸੀਂ ਪੋਲਿੰਗ ਸਟੇਸ਼ਨ ਵਿਖੇ ਸਟਾਫ਼ ਨੂੰ ਵੀ ਦੱਸ ਸਕਦੇ ਹੋ, ਜੋ ਖੁਸ਼ੀ ਨਾਲ ਤੁਹਾਡੇ ਮਸਲਿਆਂ ਨੂੰ ਰਿਪੋਰਟ ਕਰਨਗੇ।

ਜੇਕਰ ਤੁਹਾਨੂੰ ਇਲੈਕਸ਼ਨਾਂ ਅਤੇ ਵੋਟ ਪਾਉਣ ਸੰਬੰਧੀ ਸਹਾਇਤਾ ਜਾਂ ਸਲਾਹ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਇਲੈਕਟੋਰਲ ਸਰਵਿਸਿਜ਼ ਨੂੰ 01484 221650 'ਤੇ ਟੈਲੀਫੋਨ ਕਰੋ ਜਾਂ ਸਾਨੂੰ ਇਸ ਪਤੇ 'ਤੇ ਈਮੇਲ ਕਰੋ: electoral.registration@kirklees.gov.uk

# ਪੋਲਿੰਗ ਸਟੇਸ਼ਨ ਵਿਖੇ ਵੋਟ ਪਾਉਣ ਸੰਬੰਧੀ ਜਾਣਕਾਰੀ

ਪੋਲਿੰਗ ਸਟੇਸ਼ਨ ਵਿਖੇ ਵੋਟ ਪਾਉਣ ਸੰਬੰਧੀ ਇਹ ਸੰਖੇਪ ਜਾਣਕਾਰੀ ਹੈ।

ਇਲੈਕਸ਼ਨ ਤੋਂ ਪਹਿਲਾਂ ਤੁਹਾਨੂੰ ਪੋਲ ਕਾਰਡ ਮਿਲਣਾ ਚਾਹੀਦਾ ਹੈ। ਇਸ ਵਿਚ ਦੱਸਿਆ ਜਾਂਦਾ ਹੈ ਕਿ ਤੁਹਾਡਾ ਸਥਾਨਕ ਪੋਲਿੰਗ ਸਟੇਸ਼ਨ ਕਿੱਥੇ ਹੈ, ਇਥੇ ਤੁਸੀਂ ਇਲੈਕਸ਼ਨ ਵਾਲੇ ਦਿਨ ਵੋਟ ਪਾਉਣ ਜਾਣਾ ਹੈ।

ਤੁਹਾਨੂੰ ਆਪਣਾ ਪੋਲ ਕਾਰਡ ਨਾਲ ਲਿਜਾਣ ਦੀ ਲੋੜ ਨਹੀਂ, ਲੇਕਿਨ ਜੇਕਰ ਤੁਸੀਂ ਇਹ ਲਿਜਾਂਦੇ ਹੋ ਤਾਂ ਇਸ ਨਾਲ ਪੋਲਿੰਗ ਸਟੇਸ਼ਨ ਸਟਾਫ਼ ਨੂੰ ਮਦਦ ਮਿਲਦੀ ਹੈ। ਉਹ ਤੁਹਾਨੂੰ ਬੈਲਟ ਪੇਪਰ ਭਾਵ ਵੋਟ ਪਰਚੀ ਦੇਣ ਤੋਂ ਪਹਿਲਾਂ ਤੁਹਾਡਾ ਨਾਮ ਅਤੇ ਪਤਾ ਪੁੱਛਣਗੇ।

ਜੇਕਰ ਪੋਲਿੰਗ ਸਟੇਸ਼ਨ ਦੇ ਬਾਹਰ ਤੁਹਾਨੂੰ ਕੋਈ ਕਿਸੇ ਨੂੰ ਵੋਟ ਪਾਉਣ ਵਾਸਤੇ ਕਹਿੰਦਾ ਹੈ, ਤਾਂ ਤੁਹਾਨੂੰ ਡਰਨ ਜਾਂ ਉਸਦੇ ਆਖੇ ਲੱਗਣ ਦੀ ਲੋੜ ਨਹੀਂ ਹੈ। ਕਿਸੇ ਨੂੰ ਵੀ ਪਤਾ ਨਹੀਂ ਲੱਗੇਗਾ ਕਿ ਤੁਸੀਂ ਵੋਟ ਕਿਸਨੂੰ ਪਾਈ ਹੈ ਕਿਉਂਕਿ ਇਹ ਗੁਪਤ ਪਾਈ ਜਾਂਦੀ ਹੈ।

ਪੋਲਿੰਗ ਸਟੇਸ਼ਨ ਵਿਚ ਕੰਮ ਕਰਨ ਵਾਲਾ ਸਟਾਫ਼ ਰਾਜਨੀਤਕ ਪਾਰਟੀਆਂ ਲਈ ਕੰਮ ਨਹੀਂ ਕਰਦਾ। ਉਹ ਉਥੇ ਇਹ ਗੱਲ ਯਕੀਨੀ ਬਣਾਉਣ ਲਈ ਹਨ ਕਿ ਤੁਸੀਂ ਗੁਪਤ ਵੋਟ ਪਾ ਸਕਦੇ ਹੋ ਅਤੇ ਕੋਈ ਤੁਹਾਨੂੰ ਪ੍ਰਭਾਵਿਤ ਨਹੀਂ ਕਰਦਾ ਹੈ।

ਜਦ ਤੁਹਾਨੂੰ ਬੈਲਟ ਪੇਪਰ ਮਿਲ ਜਾਂਦਾ ਹੈ ਤਾਂ, ਤੁਹਾਨੂੰ ਪੋਲਿੰਗ ਬੂਥ ਵਿਚ ਜਾਣਾ ਚਾਹੀਦਾ ਹੈ। ਇਥੇ ਤੁਸੀਂ ਆਪਣੀ ਵੋਟ ਗੁਪਤ ਪਾ ਸਕਦੇ ਹੋ।

ਕੋਈ ਵੀ ਇਹ ਨਹੀਂ ਦੇਖ ਸਕਦਾ ਕਿ ਤੁਸੀਂ ਵੋਟ ਕਿਸਨੂੰ ਪਾਉਂਦੇ ਹੋ। ਜਦ ਤੁਸੀਂ ਵੋਟ ਪਾਉਂਦੇ ਹੋ ਤਾਂ ਕਿਸੇ ਵੀ ਹੋਰ ਵਿਅਕਤੀ ਨੂੰ ਤੁਹਾਡੀ ਥਾਂ ਤੁਹਾਡੇ ਬੈਲਟ ਪੇਪਰ ਉੱਪਰ ਨਿਸ਼ਾਨ ਨਹੀਂ ਲਗਾਉਣਾ ਚਾਹੀਦਾ। ਕਿਸੇ ਨੂੰ ਵੀ ਇਹ ਇਜਾਜ਼ਤ ਨਹੀਂ ਹੈ ਕਿ ਉਹ ਤੁਹਾਡੇ ਕੋਲ ਆ ਕੇ ਤੁਹਾਨੂੰ ਦੱਸੇ ਜਾਂ ਦਿਖਾਵੇ ਕਿ ਵੋਟ ਕਿਸਨੂੰ ਪਾਉਣੀ ਹੈ। ਤੁਹਾਨੂੰ ਵੋਟ ਆਪਣੀ ਮਰਜ਼ੀ ਨਾਲ ਪਾਉਣੀ ਚਾਹੀਦੀ ਹੈ।

ਜੇਕਰ ਤੁਹਾਨੂੰ ਇਹ ਫ਼ਿਕਰ ਹੈ ਕਿ ਕੋਈ ਤੁਹਾਨੂੰ ਆਪਣੀ ਮਰਜ਼ੀ ਨਾਲ ਵੋਟ ਪਾਉਣ ਲਈ ਕਹਿ ਸਕਦਾ ਹੈ, ਤਾਂ ਤੁਸੀਂ ਪੋਲਿੰਗ ਸਟੇਸ਼ਨ ਵਿਖੇ ਸਟਾਫ਼ ਨੂੰ ਦੱਸੋ – ਉਹ ਖ਼ੁਸ਼ੀ ਨਾਲ ਤੁਹਾਡੀ ਮਦਦ ਕਰਨਗੇ।

## ਡਾਕ ਰਾਹੀਂ ਵੋਟ ਪਾਉਣ ਸੰਬੰਧੀ ਜਾਣਕਾਰੀ

ਡਾਕ ਰਾਹੀਂ ਵੋਟ ਪਾਉਣ ਸੰਬੰਧੀ ਇਹ ਸੰਖੇਪ ਜਾਣਕਾਰੀ ਹੈ।

ਡਾਕ ਵਾਲੀ ਵੋਟ ਪਾਉਣ ਵਾਲੇ ਪੇਪਰ ਆਮ ਕਰਕੇ ਇਲੈਕਸ਼ਨ ਤੋਂ ਤਕਰੀਬਨ ਦੋ ਹਫ਼ਤੇ ਪਹਿਲਾਂ ਭੇਜ ਦਿੱਤੇ ਜਾਂਦੇ ਹਨ।

ਹੋ ਸਕਦਾ ਹੈ ਇਸ ਸਮੇਂ ਤੁਹਾਡੇ ਇਲਾਕੇ ਵਿਚ ਚੋਣ ਪਰਚਾਰ ਕਰ ਰਹੇ ਪਾਰਟੀ ਵਰਕਰ ਜਾਂ ਉਮੀਦਵਾਰ ਤੁਹਾਨੂੰ ਆ ਕੇ ਮਿਲਣ। ਇਸ ਗੱਲ ਦੀ ਇਜਾਜ਼ਤ ਹੈ ਕਿਉਂਕਿ ਪਾਰਟੀ ਵਰਕਰ ਵੋਟਾਂ ਲਈ ਪਰਚਾਰ ਕਰ ਸਕਦੇ ਹਨ।

ਤੁਹਾਨੂੰ ਇਹ ਫ਼ੈਸਲਾ ਆਪ ਕਰਨਾ ਚਾਹੀਦਾ ਹੈ ਕਿ ਤੁਸੀਂ ਵੋਟ ਕਿਸਨੂੰ ਪਾਉਣੀ ਹੈ।ਅਜਿਹਾ ਮਹਿਸੂਸ ਨਾ ਕਰੋ ਕਿ ਤੁਹਾਨੂੰ ਵੋਟ ਕਿਸੇ ਖਾਸ ਪਾਰਟੀ ਜਾਂ ਉਮੀਦਵਾਰ ਨੂੰ ਪਾਉਣੀ ਪਵੇਗੀ, ਕਿਉਂਕਿ ਅਜਿਹਾ ਕਰਨ ਲਈ ਤੁਹਾਡੇ ਉੱਪਰ ਦਬਾਉ ਪਾਇਆ ਗਿਆ ਹੈ।

ਜੇਕਰ ਕੋਈ ਤੁਹਾਨੂੰ ਡਾਕ ਰਾਹੀਂ ਵੋਟ ਪਾਉਣ ਲਈ ਦਰਖਾਸਤ ਦੇਣ ਵਾਸਤੇ ਇਸ ਲਈ ਉਤਸ਼ਾਹ ਦੇ ਰਿਹਾ ਹੈ ਤਾਂਕਿ ਉਹ ਤੁਹਾਡੀ ਵੋਟ ਪਾ ਸਕੇ, ਤਾਂ ਤੁਹਾਨੂੰ ਇਨਕਾਰ ਕਰ ਦੇਣਾ ਚਾਹੀਦਾ ਹੈ। ਕਿਸੇ ਨੂੰ ਵੀ ਇਹ ਇਜਾਜ਼ਤ ਨਹੀਂ ਹੈ ਕਿ ਉਹ ਤੁਹਾਡੇ ਵੋਟ ਪੈਕ ਨੂੰ ਭਰ ਸਕੇ। ਕਿਸੇ ਹੋਰ ਦੀ ਡਾਕ ਵਾਲੀ ਵੋਟ ਪਾਉਣਾ ਗੰਭੀਰ ਜੁਰਮ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ, ਪੁਲਸ ਦਖ਼ਲ ਦੇ ਸਕਦੀ ਹੈ।

ਤੁਹਾਨੂੰ ਇਹ ਦੱਸਣ ਲਈ ਕਿ ਤੁਸੀਂ ਕਿਸ ਉਮੀਦਵਾਰ ਨੂੰ ਵੋਟ ਪਾਉਣਾ ਚਾਹੁੰਦੇ ਹੋ, ਵੋਟ ਪਰਚੀ ਉੱਪਰ ਕਾਂਟੇ ਦਾ ਨਿਸ਼ਾਨ ਲਗਾਉਣਾ ਪਵੇਗਾ। ਤੁਹਾਨੂੰ ਵੋਟ ਪਰਚੀ ਉੱਪਰ ਕੋਈ ਹੋਰ ਨਿਸ਼ਾਨ ਨਹੀਂ ਲਗਾਉਣਾ ਚਾਹੀਦਾ ਨਹੀਂ ਤਾਂ ਤੁਹਾਡੀ ਵੋਟ ਗਿਣੀ ਨਹੀਂ ਜਾਵੇਗੀ। ਨਾਲ ਹੀ ਸਕਿਉਰਿਟੀ ਸਟੇਟਮੈਂਟ ਉੱਪਰ ਆਪਣੇ ਆਮ ਵਾਂਗ ਦਸਤਖ਼ਤ ਜ਼ਰੂਰ ਕਰੋ, ਨਹੀਂ ਤਾਂ ਤੁਹਾਡੀ ਵੋਟ ਗਿਣੀ ਨਹੀਂ ਜਾਵੇਗੀ।

ਤੁਹਾਨੂੰ ਆਪਣੀ ਡਾਕ ਵਾਲੀ ਵੋਟ ਆਪ ਵਾਪਸ ਭੇਜਣੀ ਚਾਹੀਦੀ ਹੈ, ਤਾਂਕਿ ਤੁਸੀਂ ਆਪਣੀ ਵੋਟ ਗੁਪਤ ਰੱਖ ਸਕੋ। ਕਿਸੇ ਰਾਜਸੀ ਪਾਰਟੀ ਲਈ ਕੰਮ ਕਰਨ ਵਾਲੇ ਵਿਅਕਤੀ ਜਾਂ ਉਮੀਦਵਾਰ ਨੂੰ ਆਪਣੀ ਡਾਕ ਵਾਲੀ ਵੋਟ ਵਾਪਸ ਭੇਜਣ ਲਈ ਨਾ ਦਿਓ।

## ਤੁਹਾਡੀ ਡਾਕ ਵਾਲੀ ਵੋਟ ਨਾਲ ਕੀ ਵਾਪਰਦਾ ਹੈ?

ਕੀ ਤੁਸੀਂ ਪਤਾ ਕਰਨਾ ਚਾਹੁੰਦੇ ਹੋ ਕਿ ਤੁਹਾਡੀ ਡਾਕ ਵਾਲੀ ਵੋਟ ਭੇਜਣ ਤੋਂ ਬਾਅਦ ਇਸ ਨਾਲ ਕੀ ਵਾਪਰਦਾ ਹੈ?

ਤੁਹਾਡਾ ਲਿਫ਼ਾਫ਼ਾ ਖੋਲ੍ਹਣ ਵਾਸਤੇ ਇਲੈਕਟੋਰਲ ਸਰਵਿਸਿਜ਼ ਟੀਮ ਕੋਲ ਜਾਂਦਾ ਹੈ। ਡਾਕ ਵਾਲੀਆਂ ਵੋਟਾਂ ਖੋਲ੍ਹਣ ਵੇਲੇ ਇਹ ਯਕੀਨੀ ਬਣਾਉਣ ਲਈ ਸਖ਼ਤ ਜਾਂਚ ਕੀਤੀ ਜਾਂਦੀ ਹੈ ਕਿ ਡਾਕ ਵਾਲੀ ਹਰ ਇਕ ਵੋਟ ਉਸੇ ਵਿਅਕਤੀ ਵਲੋਂ ਪਾਈ ਗਈ ਹੈ ਜਿਸਨੇ ਇਸ ਵਾਸਤੇ ਬੇਨਤੀ ਕੀਤੀ ਸੀ। ਅਸੀਂ ਤੁਹਾਡੇ ਦਸਤਖਤ ਅਤੇ ਜਨਮ ਤਰੀਕ ਦੀ ਜਾਂਚ ਕਰਨ ਲਈ ਅਤਿ ਆਧੁਨਿਕ ਕੰਪਿਊਟਰ ਪ੍ਰੋਗਰਾਮ ਦੀ ਵਰਤੋਂ ਕਰਦੇ ਹਾਂ।

ਇਸ ਮੌਕੇ ਅਸੀਂ ਵੋਟ ਪਰਚੀਆਂ ਨਹੀਂ ਦੇਖਦੇ। ਡਾਕ ਵਾਲੀਆਂ ਵੋਟਾਂ ਪੁੱਠੀਆਂ ਕਰਕੇ ਖੋਲ੍ਹੀਆਂ ਜਾਂਦੀਆਂ ਹਨ ਅਤੇ ਇਲੈਕਸ਼ਨ ਵਾਲੇ ਦਿਨ ਤੱਕ ਸੁਰੱਖਿਅਤ ਰੱਖੀਆਂ ਜਾਂਦੀਆਂ ਹਨ।

ਅਸੀਂ ਵੋਟਾਂ ਦੀ ਗਿਣਤੀ ਕੇਵਲ ਇਲੈਕਸ਼ਨ ਵਾਲੇ ਦਿਨ ਪੋਲਿੰਗ ਸਟੇਸ਼ਨ ਬੰਦ ਹੋਣ ਤੋਂ ਬਾਅਦ ਹੀ ਕਰਦੇ ਹਾਂ। ਤੁਹਾਡੀ ਵੋਟ ਦੀ ਗਿਣਤੀ ਕਰਨ ਵੇਲੇ, ਤੁਹਾਡੇ ਦਸਤਖਤਾਂ ਵਾਲੀ ਸਕਿਉਰਿਟੀ ਸਟੇਟਮੈਂਟ ਪਹਿਲਾਂ ਹੀ ਤੁਹਾਡੀ ਵੋਟ ਤੋਂ ਵੱਖਰੀ ਰੱਖੀ ਗਈ ਹੁੰਦੀ ਹੈ, ਇਸ ਲਈ ਕਿਸੇ ਨੂੰ ਇਹ ਪਤਾ ਨਹੀਂ ਚੱਲਦਾ ਕਿ ਤੁਸੀਂ ਵੋਟ ਕਿਸਨੂੰ ਪਾਈ ਹੈ।

ਕ੍ਰਿਪਾ ਕਰਕੇ ਇਹ ਯਕੀਨੀ ਬਣਾਉ ਕਿ ਤੁਸੀਂ ਆਪਣੀ ਵੋਟ ਆਪ ਪਾਉਂਦੇ ਹੋ। ਇਹ ਕਿਸੇ ਨੂੰ ਨਾ ਦਿਓ, ਜਾਂ ਕਿਸੇ ਨੂੰ ਆਪਣੀ ਵੋਟ ਪਾਉਣ ਦੀ ਇਜਾਜ਼ਤ ਨਾ ਦਿਓ।

ਇਹ ਕਿਸੇ ਹੋਰ ਦੀ ਵੋਟ ਨਹੀਂ ਹੈ – ਇਹ ਤੁਹਾਡੀ ਵੋਟ ਹੈ।